



# ਸਟੀਵ ਟਰਨਰ

## ਕਲੀਵਲੈਂਡ ਪੁਲਿਸ ਅਤੇ ਕ੍ਰਾਈਮ ਕਮਿਸ਼ਨਰ

# ਪੁਲਿਸਿੰਗ (ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ) ਅਤੇ ਭਾਈਚਾਰਕ ਸੁਰੱਖਿਆ ਲਈ

## ਮੇਰੀ 10-ਨੁਕਾਤੀ ਯੋਜਨਾ

ਤੁਹਾਡੇ ਪੁਲਿਸ ਅਤੇ ਕ੍ਰਾਈਮ ਕਮਿਸ਼ਨਰ ਹੋਣ ਦੇ ਨਾਤੇ, ਮੈਨੂੰ ਕਲੀਵਲੈਂਡ ਨੂੰ ਉਨ੍ਹਾਂ ਲੋਕਾਂ ਲਈ ਇੱਕ ਸੁਰੱਖਿਅਤ ਅਸਥਾਨ ਬਣਾਉਣ ਲਈ ਇੱਕ ਯੋਜਨਾ ਬਣਾਉਣ ਦੀ ਲੋੜ ਹੈ ਜੋ ਇੱਥੇ ਰਹਿੰਦੇ ਹਨ, ਕੰਮ ਕਰਦੇ ਹਨ ਅਤੇ ਇੱਥੇ ਆਉਂਦੇ ਹਨ। ਮੇਰੀ 10-ਨੁਕਾਤੀ ਯੋਜਨਾ - ਜੋ ਕਿ ਅਪਰਾਧ ਅਤੇ ਭਾਈਚਾਰਕ ਸੁਰੱਖਿਆ ਮਾਹਿਰਾਂ ਦੇ ਸਹਿਯੋਗ ਨਾਲ ਬਣਾਈ ਗਈ ਹੈ - ਅਗਲੇ ਤਿੰਨ ਸਾਲਾਂ ਲਈ ਮੇਰੇ ਦ੍ਰਿਸ਼ਟੀਕੋਣ ਬਾਰੇ ਦੱਸਦੀ ਹੈ।

### ਅਪਰਾਧੀਆਂ ਨੂੰ ਕੀਤੇ ਜੁਰਮਾਂ ਦੀ ਸਜ਼ਾ ਦੁਆਉਣੀ

ਮੁੜ ਅਪਰਾਧ ਨੂੰ ਰੋਕਣ ਵੱਲ ਧਿਆਨ ਕੇਂਦਰਤ ਕਰਦੇ ਹੋਏ ਅਪਰਾਧੀਆਂ ਨੂੰ ਉਨ੍ਹਾਂ ਦੇ ਵਿਵਹਾਰ ਲਈ ਜਵਾਬਦੇਹ ਠਹਿਰਾਉਣ ਦੇ ਮੌਕਿਆਂ ਵਿੱਚ ਵਾਧਾ ਕਰਨਾ।

### ਡਰੱਗਜ਼ (ਨਸ਼ੀਲੀਆ ਦਵਾਈਆਂ) ਅਤੇ ਗਿਰੋਹਾਂ 'ਤੇ ਸਖ਼ਤੀ ਕਰਨੀ

ਰੋਕਥਾਮ, ਸ਼ੁਰੂਆਤੀ ਅਤੇ ਟੀਚੇ ਵਾਲੇ ਦਖਲ ਸਮੇਤ ਨਸ਼ੀਲੇ ਪਦਾਰਥਾਂ ਅਤੇ ਗਿਰੋਹਾਂ ਲਈ ਇੱਕ ਸੰਪੂਰਨ ਪਹੁੰਚ ਦੀ ਸ਼ੁਰੂਆਤ ਕਰਨੀ।

### ਸਮਾਜ-ਵਿਰੋਧੀ ਵਿਵਹਾਰ ਨੂੰ ਸਿੱਧੇ ਤੌਰ 'ਤੇ ਨਜਿੱਠਣਾ

ਭਾਈਵਾਲੀ ਕੰਮਕਾਜ ਅਤੇ ਨੌਜਵਾਨਾਂ ਦੀ ਸ਼ਮੂਲੀਅਤ ਜ਼ਰੀਏ ਸਮਾਜ ਵਿਰੋਧੀ ਵਿਵਹਾਰ ਬਾਰੇ ਸਖ਼ਤ ਰਵੱਈਆ ਅਪਨਾਉਣਾ।

### ਪ੍ਰਭਾਵਸ਼ਾਲੀ ਫੌਜਦਾਰੀ ਨਿਆਂ ਪ੍ਰਣਾਲੀ

ਜਨਤਕ ਵਿਸ਼ਵਾਸ ਵਧਾਉਣ ਲਈ ਕਲੀਵਲੈਂਡ ਪੁਲਿਸ ਅਤੇ ਵਿਆਪਕ ਫੌਜਦਾਰੀ ਨਿਆਂ ਏਜੰਸੀਆਂ ਦੇ ਨਾਲ ਸਹਿਯੋਗ ਕਰਨਾ ਅਤੇ ਉਨ੍ਹਾਂ ਤੋਂ ਕੀਤੇ ਕੰਮਾਂ ਲਈ ਹਿਸਾਬ ਲੈਣਾ।

**ਟੈਲੀਫ਼ੋਨ:** 01642 301213
**ਈਮੇਲ:** pcc@cleveland.pnn.police.uk
**ਵੈੱਬਸਾਈਟ:** www.cleveland.pcc.police.uk

## ਗੰਭੀਰ ਹਿੰਸਾ ਨੂੰ ਰੋਕੋ, ਘਟਾਓ ਅਤੇ ਨਜਿੱਠੋ

ਕਲੀਵਲੈਂਡ ਪੁਲਿਸ ਅਤੇ ਭਾਈਚਾਰਕ ਸੁਰੱਖਿਆ ਭਾਈਵਾਲੀਆਂ ਦੇ ਸਹਿਯੋਗ ਨਾਲ ਗੰਭੀਰ ਹਿੰਸਾ ਸਬੰਧੀ ਯੋਜਨਾ ਬਣਾਉਣੀ।

## ਸਾਡੀਆਂ ਸੜਕਾਂ 'ਤੇ ਹੋਰ ਪੁਲਿਸ

ਮੂਹਰਲੀ-ਕਤਾਰ ਵਾਲੀ ਭਾਈਚਾਰਕ ਪ੍ਰਤੀਕਿਰਿਆ ਲਈ ਯੋਗਦਾਨ ਦੇਣਾ।

## ਔਰਤਾਂ ਅਤੇ ਲੜਕੀਆਂ ਵਿਰੁੱਧ ਹਿੰਸਾ ਨੂੰ ਨਜਿੱਠਣਾ

ਔਰਤਾਂ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਸਹਾਇਤਾ ਦਿੱਤੇ ਜਾਣ ਨੂੰ ਯਕੀਨੀ ਬਣਾਉਣ ਲਈ ਸਥਾਨਕ ਸੇਵਾਵਾਂ ਨਾਲ ਭਾਈਵਾਲੀ ਵਿੱਚ ਕੰਮ ਕਰਨਾ।

## ਆਪਣੇ ਭਾਈਚਾਰਿਆਂ ਵਿੱਚ ਵਿਸ਼ਵਾਸ ਪੈਦਾ ਕਰਨਾ

Upewnianie się, że usługi świadczone ਯਕੀਨੀ ਬਣਾਉਣਾ ਕਿ ਕਲੀਵਲੈਂਡ ਪੁਲਿਸ ਉੱਚ-ਮਿਆਰੀ ਸੇਵਾ ਮੁਹੱਈਆ ਕਰੇ, ਆਪਣੇ ਸਮੁੱਚੇ ਸਥਾਨਕ ਖੇਤਰ ਵਿੱਚ ਪੁਲਿਸ ਲਈ ਮਾਣ ਅਤੇ ਸਹਾਇਤਾ ਵਿੱਚ ਵਾਧਾ ਕਰਨਾ।

## ਪੀੜ੍ਹਤਾਂ ਅਤੇ ਗਵਾਹਾਂ ਲਈ ਪ੍ਰਭਾਵਸ਼ਾਲੀ ਮਿਆਰੀ ਸਹਾਇਤਾ

ਮਾਹਰ ਸਹਾਇਤਾ ਸੇਵਾਵਾਂ ਨੂੰ ਅਧਿਕਾਰ ਦੇਣ ਰਾਹੀਂ ਪੀੜ੍ਹਤਾਂ ਅਤੇ ਗਵਾਹਾਂ ਨੂੰ ਸਹਾਇਤਾ ਮੁਹੱਈਆ ਕਰਨੀ।

## ਜੁਰਮ ਦਾ ਟਾਕਰਾ ਕਰਨ ਲਈ ਤਕਨਾਲੋਜੀ ਦੀ ਵਰਤੋਂ ਕਰਨੀ

ਤਕਨਾਲੋਜੀ ਦੀ ਵਰਤੋਂ ਨੂੰ ਜ਼ਿਆਦਾ ਤੋਂ ਜ਼ਿਆਦਾ ਵਧਾਉਣਾ, ਕੁਸ਼ਲਤਾਵਾਂ ਲਈ ਮੌਕੇ ਪੈਦਾ ਕਰਨਾ ਅਤੇ ਵਰਕਫੋਰਸ ਨੂੰ ਵਧੀਕ ਸਹਾਇਤਾ ਦੇਣੀ।

# ਇਹ ਯੋਜਨਾ ਕਲੀਵਲੈਂਡ ਲਈ ਮੇਰੇ ਚਾਰ ਰਣਨੀਤਕ ਟੀਚਿਆਂ ਨੂੰ ਪ੍ਰਦਾਨ ਕਰਨ ਵਿੱਚ ਮਦਦ ਕਰੇਗੀ:

- ਜਨਤਕ ਵਿਸ਼ਵਾਸ ਪੈਦਾ ਕਰਨਾ ਅਤੇ ਕਲੀਵਲੈਂਡ ਪੁਲਿਸ ਵਿੱਚ ਮਾਣ ਨੂੰ ਦੁਬਾਰਾ ਲਿਆਉਣਾ।
- ਜੁਰਮ, ਖਾਸ ਤੌਰ 'ਤੇ ਗੰਭੀਰ ਹਿੰਸਾ ਨੂੰ ਘਟਾਉਣ ਲਈ ਭਾਈਵਾਲਾਂ ਨਾਲ ਸਮੂਹਿਕ ਤੌਰ 'ਤੇ ਕੰਮ ਕਰਨਾ।
- ਤਕਨਾਲੋਜੀ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਜੋ ਸਮਰੱਥਾਵਾਂ ਪੈਦਾ ਕਰਦੀ ਹੈ ਅਤੇ ਕਾਰਜ-ਕੁਸ਼ਲਤਾ ਲਈ ਸਹਾਇਤਾ ਕਰਦੀ ਹੈ।
- ਪੀੜ੍ਹਤਾਂ ਅਤੇ ਸਭ ਤੋਂ ਕਮਜ਼ੋਰ ਵਿਅਕਤੀਆਂ ਨੂੰ ਉੱਚ ਮਿਆਰੀ ਸੇਵਾਵਾਂ ਮੁਹੱਈਆ ਕਰਨੀਆਂ ਜੋ ਉਨ੍ਹਾਂ ਦੀਆਂ ਲੋੜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਦੀਆਂ ਹਨ।

**ਪੂਰੀ ਯੋਜਨਾ ਨੂੰ ਡਾਊਨਲੋਡ ਕਰਨ ਲਈ ਸਕੈਨ ਕਰੋ!**

POLICE AND CRIME COMMISSIONER FOR CLEVELAND